# ਰਜਿਸਟ੍ਰੇਸਨ ਸ਼ਾਖਾ

ਯੂਨੀਵਰਸਿਟੀ ਨਾਲ ਸਬੰਧਤ ਐਫੀਲਿਏਟਡ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਐਸੋਸਿਏਟਿਡ ਸੰਸਥਾਵਾਂ ਦੇ ਕੋ-ਆਰਡੀਨੇਟਰ ਸਾਹਿਬਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **U.G.C. ਦੀਆਂ 'N+2' ਦੀ Guidelines** ਤਹਿਤ ਸਮਰੱਥ ਅਧਿਕਾਰੀ ਸਾਹਿਬਾਨ ਜੀ ਵਲੋਂ ਹੋਏ ਆਦੇਸ਼ਾਂ ਅਨੁਸਾਰ **ਅੰਡਰ ਗ੍ਰੈਜੂਏਟ (ਛੇ ਸਮੈਸਟਰ ਵਾਲੇ ਕੋਰਸ)** ਕਲਾਸਾਂ ਦੇ ਜਿਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਦੀ ਰੀ-ਅਪੀਅਰ ਹੋਣ ਕਾਰਨ ਛੇਵੇਂ ਸਮੈਸਟਰ ਵਿਚ ਬੈਠਣ ਲਈ ਅਯੋਗ ਕਰਾਰ ਦਿੱਤਾ ਗਿਆ ਸੀ, **ਉਹਨ੍ਹਾਂ ਵਿਦਿਆਰਥੀਆਂ ਨੂੰ ਹੁਣ ਪਹਿਲੇ ਸਮੈਸਟਰ ਦੀ ਰੀ-ਅਪੀਅਰ ਹੋਣ ਦੇ ਬਾਵਜੂਦ ਵੀ ਛੇਵੇਂ ਸਮੈਸਟਰ ਦੇ ਪੇਪਰ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।** ਇਹ ਆਗਿਆ ਉਹਨਾਂ ਵਿਦਿਆਰਥੀਆਂ ਨੂੰ ਦਿੱਤੀ ਗਈ ਹੈ ਜਿਹੜੇ ਪਹਿਲੀ ਵਾਰ ਪਹਿਲੇ ਸਮੈਸਟਰ ਵਿਚ ਸੈਸ਼ਨ **ਨਵੰਬਰ/ਦਸੰਬਰ 2014/2015 ਜਾਂ 2016** ਵਿਚ ਅਪੀਅਰ ਹੋਏ ਸਨ ਅਤੇ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਸੀ ਅਤੇ ਇਹਨਾਂ ਨੂੰ U.G.C. Guidelines 'N+2' ਤਹਿਤ ਡਿਗਰੀ/ਕੋਰਸ ਪੂਰਾ ਕਰਨ ਲਈ ਮਿਲਣ ਵਾਲਾ ਸਮਾਂ (ਪੰਜ ਸਾਲ) ਅਜੇ ਪੂਰਾ ਨਹੀ ਹੋਇਆ । ਇਹਨ੍ਹਾਂ ਵਿਚੋਂ 2014 ਸੈਸ਼ਨ ਵਾਲੇ ਵਿਦਿਆਰਥੀ (ਜਿਹਨਾਂ ਦਾ ਮਈ 2019 ਅਪੀਅਰ ਹੋਣ ਲਈ ਆਖਿਰੀ ਸੈਸ਼ਨ ਹੈ) ਛੇਵੇ ਸਮੈਸਟਰ ਵਿਚ ਅਪੀਅਰ ਹੋਣ ਲਈ ਇਕ Self-Attested undertaking ਵੀ ਸਬੰਧਤ ਪ੍ਰੀਖਿਆ ਸ਼ਾਖਾ ਨੂੰ ਦੇਣਗੇ। ਉਪਰੋਕਤ ਸੈਸ਼ਨ ਵਾਲੇ ਵਿਦਿਆਰਥੀਆਂ ਦੀਆਂ ਸਮੈਸਟਰ ਛੇਵੇਂ ਦੀਆਂ ਵਿਸ਼ੇਸ਼ ਪ੍ਰੀਖਿਆਵਾਂ ਜੂਨ-ਜੁਲਾਈ, 2019 ਵਿਚ ਕਰਵਾਈਆਂ ਜਾਣੀਆਂ ਹਨ, ਜਿਸ ਲਈ ਦਾਖਲਾ ਫਾਰਮ ਅਤੇ ਦਾਖਲਾ ਫੀਸਾਂ ਪ੍ਰਾਪਤ ਕਰਨ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀਆਂ ਗਈਆਂ ਹਨ:

| | Without late fee | With late fee of Rs. 250/- | With late fee of Rs. 500/- | With late fee of Rs. 1000/- | With late fee of Rs. 2000/- | Rs. 1000/- per day |
|---|---|---|---|---|---|---|
| ਦਾਖਲਾ ਫਾਰਮ ਅਤੇ ਦਾਖਲਾ ਫੀਸ ਜਮਾਂ ਕਰਵਾਉਣ ਦੀਆਂ ਮਿਤੀਆਂ | 15 May, 2019 | 22 May, 2019 | 29 May, 2019 | 6 June, 2019 | 20 June, 2019 | Ten days before the commencement (ਬਾਅਦ ਵਿਚ ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) |

ਉਪਰੋਕਤ ਮਿਤੀਆਂ ਵਿਚ ਤਿੰਨ ਕੰਮ ਵਾਲੇ ਦਿਨ ਗਰੇਸ ਵਜੋਂ ਸ਼ਾਮਲ ਕਰ ਦਿਤੇ ਗਏ ਹਨ। ਇਸ ਲਈ ਗਰੇਸ ਪੀਰੀਅਡ ਵਜੋਂ ਕੋਈ ਹੋਰ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

**ਉਪਰ ਦਿੱਤੇ ਗਏ ਸ਼ਡਿਊਲ ਅਨੁਸਾਰ ਦਾਖਲਾ ਫਾਰਮ, ਕਾਲਜ/ਵਿਦਿਆਰਥੀ ਦੁਆਰਾ ਸਬੰਧਤ ਪ੍ਰੀਖਿਆ ਸ਼ਾਖਾ ਨੂੰ ਦਸਤੀ ਜਮਾਂ ਕਰਵਾਏ ਜਾਣਗੇ ਅਤੇ ਫੀਸ ਵੀ ਯੂਨੀਵਰਸਿਟੀ ਕੈਸ਼ ਕਾਊਂਟਰ ਤੇ ਦਸਤੀ ਜਮਾਂ ਕਰਵਾਈ ਜਾਵੇਗੀ। ਇਹਨਾਂ ਵਿਦਿਆਰਥੀਆਂ ਦੇ ਰੋਲ ਨੰਬਰ ਵੀ ਪ੍ਰੀਖਿਆ ਸ਼ਾਖਾ ਦੁਆਰਾ** ਓਨੁਓਲ ਤੋਰ ਤੇ ਹੀ ਜਾਰੀ ਕੀਤੇ ਜਾਣਗੇ।

ਵਰਨਣਯੋਗ ਹੈ ਕਿ ਇਹਨਾਂ ਵਿਦਿਆਰਥੀਆਂ ਨੂੰ ਜੂਨ/ਜੁਲਾਈ ੨੦੧੯ ਵਿਚ ਕੇਵਲ ਛੇਵੇਂ ਸਮੈਸਟਰ ਦੀ ਪ੍ਰੀਖਿਆ ਵਿਚ ਹੀ ਅਪੀਅਰ ਕਰਵਾਇਆ ਜਾਣਾ ਹੈ ਅਤੇ ਇਹ ਪਹਿਲੇ ਸਮੈਸਟਰ ਦੀ ਨਵੰਬਰ ੨੦੧੯ ਵਿਚ ਹੋਣ ਵਾਲੀ ਪ੍ਰੀਖਿਆ ਵਿਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਅਪੀਅਰ ਹੋਣਗੇ ।

ਨੋਟ: ਵਿਸ਼ੇਸ਼ ਪ੍ਰੀਖਿਆਵਾਂ ਜੂਨ-ਜੁਲਾਈ, ੨੦੧੯ ਦੀ ਕਲਾਸ ਵਾਈਜ਼ ਅਤੇ ਪੇਪਰ ਵਾਈਜ਼ ਡੇਟ ਸ਼ੀਟ ਯੂਨੀਵਰਸਿਟੀ ਵੈਬਸਾਈਟ ਤੇ ਪਾ ਦਿੱਤੀ ਜਾਵੇਗੀ।

(ਡਾ. ਰਾਜੇਸ਼ ਕਾਲੀਆ)
ਡਿਪਟੀ ਰਜਿਸਟਰਾਰ (ਰਜਿਸਟ੍ਰੇਸ਼ਨ)